ਦਫ਼ਤਰ ਖੇਤੀਬਾੜੀ ਸਲਾਹਕਾਰ, ਸਿੱਖਿਆ ਵਿਭਾਗ ਪੰਜਾਬ, ਐਸ.ਏ.ਐਸ.ਨਗਰ
ਪੰ.ਸ.ਸਿੱ.ਬੋ. ਕੰਪ: ਬਲਾਕ-ਈ, 7ਵੀਂ ਮੰਜਿਲ, ਫੇਜ਼-8, ਮੁਹਾਲੀ
ਈਮੇਲ: agriconsldpise@gmail.com

ਵੱਲ

ਵੈਬਸਾਈਟ ਰਾਹੀਂ

ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ,
ਸ.ਸ.ਸ.ਸ./ਹਾਈ/ਮਿਡਲ ਸਕੂਲ,
ਪੰਜਾਬ। (ਕੇਵਲ ਖੇਤੀਬਾੜੀ ਫਾਰਮਾਂ ਵਾਲੇ)
ਮੀਮੋ ਨੰਬਰ:ਈ 300745/DPISE-SPLCOGENL/8/2022-SPECIAL CELL-DPISE/ 2022707931
ਮਿਤੀ:ਐਸ.ਏ.ਐਸ.ਨਗਰ 24-03-2022

ਵਿਸ਼ਾ: ਖੇਤੀਬਾੜੀ ਫਾਰਮਾਂ ਦੀ ਜਮੀਨ ਨੂੰ ਸਾਲ 2022-23 ਵਾਸਤੇ ਬੋਲੀ ਰਾਹੀਂ ਠੇਕੇ ਤੇ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ

ਹਰ ਸਾਲ ਦੀ ਤਰਾਂ ਖੇਤੀਬਾੜੀ ਫਾਰਮਾਂ ਦੀਆਂ ਜਮੀਨਾਂ ਨੂੰ ਸਾਲ 2022-23 ਵਾਸਤੇ ਵੀ ਖੁੱਲੀ ਬੋਲੀ ਰਾਹੀਂ ਇੱਕ ਸਾਲ ਵਾਸਤੇ ਠੇਕੇ ਤੇ ਦਿੱਤਾ ਜਾਣਾ ਹੈ। ਇਸ ਲਈ ਰਾਜ ਦੇ ਖੇਤੀਬਾੜੀ ਫਾਰਮਾਂ ਵਾਲੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ-ਆਪਣੇ ਸਕੂਲ ਦੇ ਖੇਤੀਬਾੜੀ ਫਾਰਮ ਦੀ ਜਮੀਨ ਨੂੰ ਸਾਲ 2022-23 ਵਾਸਤੇ (01.05..2022 ਤੋਂ 30.04.2023 ਤੱਕ) ਇੱਕ ਸਾਲ ਲਈ ਹੇਠ ਲਿਖੀਆਂ ਸ਼ਰਤਾਂ ਅਧੀਨ ਖੁੱਲ੍ਹੀ ਬੋਲੀ ਰਾਹੀਂ ਠੇਕੇ ਤੇ ਦੇਣ ਦੀ ਕਾਰਵਾਈ ਆਪਣੇ ਪੱਧਰ ਤੇ ਸਮੇਂ ਸਿਰ ਮੁਕੰਮਲ ਕਰਨੀ ਯਕੀਨੀ ਬਣਾਉਣ ਤਾਂ ਜੋ ਫਾਰਮਾਂ ਦੀ ਜਮੀਨ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਦੀ ਰਾਸ਼ੀ ਸਰਕਾਰ ਦੇ ਖਜਾਨੇ ਵਿੱਚ ਜਮ੍ਹਾਂ ਹੋਣ ਤੇ ਸਰਕਾਰੀ ਖਜਾਨੇ ਦੀ ਆਮਦਨ ਨੂੰ ਹੁਲਾਰਾ ਮਿਲ ਸਕੇ:

ਸ਼ਰਤਾਂ:-

1. ਇਹ ਜਮੀਨ ਕੇਵਲ ਇੱਕ ਸਾਲ ਭਾਵ 2022-23 ਲਈ ਠੇਕੇ ਤੇ ਦਿੱਤੀ ਜਾਵੇਗੀ ਜਿਸਦੀ ਮਿਆਦ 01.05.2022 ਤੋਂ 30.4.23 ਤੱਕ ਹੋਵੇਗੀ।
2. ਸਕੂਲ ਫਾਰਮ ਦੀ ਇਹ ਜਮੀਨ ਸਰਕਾਰੀ ਨਿਯਮਾਂ ਰਾਹੀਂ ਠੇਕੇ ਤੇ ਦੇ ਦਿੱਤੀ ਜਾਵੇ । ਨਿਲਾਮੀ ਕਰਨ ਕਰਨ ਤੋਂ ਪਹਿਲਾਂ ਲੋਕਲ ਪਿੰਡਾਂ ਵਿੱਚ ਮੁਨਿਆਦੀ ਕਰਵਾਈ ਜਾਵੇ ਅਤੇ ਇਸ਼ਤਿਹਾਰਾਂ ਰਾਹੀਂ ਵੱਧ ਤੋਂ ਵੱਧ ਪਬਲਿਕ ਨੂੰ ਸੂਚਿਤ ਕੀਤਾ ਜਾਵੇ। ਕਿਸੇ ਵੀ ਪਿੰਡ/ਸ਼ਹਿਰ ਦਾ ਬੋਲੀਕਾਰ ਬੋਲੀ ਵਿੱਚ ਹਿੱਸਾ ਲੈ ਸਕੇਗਾ ।
3. ਜਮੀਨ ਦੀ ਬੋਲੀ ਪਿੱਛਲੇ ਸਾਲ ਦੀਆਂ ਦਰਾਂ ਤੋਂ 5% ਵਾਧੇ ਨਾਲ ਸ਼ੁਰੂ ਕੀਤੀ ਜਾਵੇ।
4. ਜਮੀਨ ਦੇ ਠੇਕੇ ਦੀ ਸਾਰੀ ਰਕਮ ਮੌਕੇ ਤੇ ਹੀ ਵਸੂਲ ਕੀਤੀ ਜਾਵੇਗੀ ਅਤੇ ਸਕੂਲ ਮੁੱਖੀ ਵੱਲੋਂ ਇਸਨੂੰ ਸਿੱਖਿਆ ਵਿਭਾਗ ਦੇ ਰਸੀਦ ਹੈਡ," 0202- Education, Sports, Art and Culture- 01- General Education -102- Secondary Education -03- Other Receipts ਅਧੀਨ ਸਰਕਾਰੀ ਖਜਾਨੇ ਵਿੱਚ ਤੁਰੰਤ ਜਮ੍ਹਾਂ ਕਰਵਾਇਆ ਜਾਵੇਗਾ।
5. ਜਮੀਨ ਵਿੱਚ ਮੌਜੂਦ ਪਾਣੀ ਦਾ ਸਾਧਨ ਚਕੋਤੇਦਾਰ ਨੂੰ ਚਲਦੀ ਹਾਲਤ ਵਿੱਚ ਸੌਂਪਿਆ ਜਾਵੇਗਾ ਅਤੇ ਲੀਜ਼ ਪੂਰੀ ਹੋਣ ਤੇ ਚਲਦੀ ਹਾਲ ਵਿੱਚ ਹੀ ਉਸ ਤੋਂ ਵਾਪਸ ਲਿਆ ਜਾਵੇਗਾ। ਜਮੀਨ ਵਿੱਚ ਮੌਜੂਦ ਪਾਣੀ ਦੇ ਸਾਧਨ ਦਾ ਬਿਲ ਬੋਲੀਕਾਰ ਵੱਲੋਂ ਦਿੱਤਾ ਜਾਵੇਗਾ।
6. ਜਮੀਨ ਚਕੋਤੇ ਤੇ ਲੈਣ ਵਾਲਾ ਵਿਅਕਤੀ ਜਮੀਨ ਵਿੱਚੋਂ ਕੋਈ ਦਰੱਖਤ ਨਹੀਂ ਕੱਟੇਗਾ, ਜਮੀਨ ਵਿਚੋਂ ਮਿੱਟੀ ਨਹੀਂ ਚੁੱਕੇਗਾ ਅਤੇ ਨਾਂ ਹੀ ਫਸਲ ਦੇ ਨਾੜ ਨੂੰ ਅੱਗ ਲਗਾਏਗਾ।
7. ਸਕੂਲ ਮੁੱਖੀ ਚਕੋਤੇ ਤੇ ਦਿੱਤੀ ਜਮੀਨ ਦਾ ਰਕਬਾ, ਪ੍ਰਾਪਤ ਆਮਦਨ ਅਤੇ ਖਜਾਨੇ ਜਮ੍ਹਾਂ ਕਰਵਾਏ ਚਲਾਨ ਦੀ ਕਾਪੀ ਇਸ ਦਫ਼ਤਰ ਦੀ ਈਮੇਲ agriconsldpise@gmail.com ਤੇ ਭੇਜਣੀ ਯਕੀਨੀ ਬਣਾਏਗਾ ।

ਨੱਥੀ: ਆਮਦਨ ਵੇਰਵੇ ਭੇਜਣ ਲਈ ਪ੍ਰੋਫਾਰਮਾ

ਸਹਾਇਕ ਡਾਇਰੈਕਟਰ (ਖੇਤੀਬਾੜੀ)

ਪਿੱਠ ਅੰਕਣ ਨੰਬਰ:ਉਕਤ/ 2 ਮਿਤੀ: 24-03-2022

(ਨੋਟਿਸ ਬੋਰਡ ਰਾਹੀਂ) ਉਤਾਰਾ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਨੂੰ ਭੇਜ ਕੇ ਲਿਖਿਆਂ ਜਾਂਦਾ ਹੈ ਕਿ ਆਪਣੇ-2 ਜਿਲ੍ਹੇ ਦੇ ਖੇਤੀਬਾੜੀ ਫਾਰਮਾਂ ਦੀ ਜਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਪਾਰਦਰਸ਼ੀ ਤਰੀਕੇ ਨਾਲ ਠੇਕੇ ਦੇ ਦੇਣ ਕਾਰਵਾਈ ਸਮੇਂ ਸਿਰ ਪੂਰੀ ਕਰਵਾਉਣੀ ਯਕੀਨੀ ਬਣਾਏ ਜਾਵੇ ਅਤੇ ਸਕੂਲਾਂ ਨੂੰ ਪਾਬੰਦ ਕੀਤਾ ਜਾਵੇ ਕਿ ਬੋਲੀ ਉਪਰੰਤ ਜਮੀਨ ਦੀ ਆਮਦਨ ਦੇ ਵੇਰਵੇ ਜਮੀਨ ਠੇਕੇ ਤੇ ਦੇਣ ਉਪਰੰਤ ਬਿਨ੍ਹਾਂ ਕਿਸੇ ਦੇਰੀ ਤੋਂ ਇਸ ਦਫ਼ਤਰ ਨੂੰ ਭੇਜਣੇ ਯਕੀਨੀ ਬਣਾਏ ਜਾਣ।

ਨੱਥੀ: ਆਮਦਨ ਵੇਰਵੇ ਭੇਜਣ ਲਈ ਪ੍ਰੋਫਾਰਮਾ

ਸਹਾਇਕ ਡਾਇਰੈਕਟਰ (ਖੇਤੀਬਾੜੀ)

ਦਫ਼ਤਰ ਪ੍ਰਿੰਸੀਪਲ/ਮੁੱਖ ਅਧਿਆਪਕ..................................................(ਜਿਲ੍ਹਾ...................................)

ਵਿਸ਼ਾ: ਸਕੂਲ ਖੇਤੀਬਾੜੀ ਫਾਰਮ ਦੀ ਜਮੀਨ ਤੋਂ ਸਾਲ 2022-23 ਵਾਸਤੇ ਪ੍ਰਾਪਤ ਹੋਈ ਆਮਦਨ ਸਬੰਧੀ।

1. ਖੇਤੀਬਾੜੀ ਫਾਰਮ ਦੀ ਕੁੱਲ ਜਮੀਨ ..............................ਕਨਾਲ .....................ਮਰਲੇ

2. ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਜਮੀਨ ਦੀ ਮਲਕੀਅਤ ਕਿਸਦੇ ਨਾਮ ਤੇ ਹੈ ................................................................................

3. ਰਿਪੋਰਟ ਅਧੀਨ ਸਾਲ ਦੌਰਾਨ ਠੇਕੇ ਤੇ ਦਿੱਤੀ/ ਖੁੱਦ ਕਾਸਤ ਕੀਤੀ ਜਾਣ ਵਾਲੀ ਜਮੀਨ ਦਾ ਰਕਬਾ ..........................ਕਨਾਲ..........................ਮਰਲੇ

4. ਰਿਪੋਰਟ ਅਧੀਨ ਸਾਲ ਦੌਰਾਨ ਜਮੀਨ ਤੋਂ ਪ੍ਰਾਪਤ ਕੁੱਲ ਰਕਮ (ਕਿੰਨੀ ਰਕਮ ਤੇ ਠੇਕੇ ਤੇ ਦਿੱਤੀ ਗਈ ਹੈ) ..................................................ਰੁਪਏ

5. ਜੇ ਖੁੱਦ ਕਾਸਤ ਕੀਤੀ ਜਾਂਦੀ ਹੈ ਤਾਂ ਚਾਲੂ ਸਾਲ ਦੌਰਾਨ ਅੰਦਾਜਨ ਕਿੰਨੀ ਆਮਦਨ ਹੋਣ ਦੀ ਸੰਭਾਵਨਾ ਹੈ .................................................... ਰੁਪਏ

6. ਖਜਾਨੇ ਜਮ੍ਹਾਂ ਕਰਵਾਈ ਰਕਮ ਦਾ ਵਿਵਰਣ ਰਾਸ਼ੀ.......................................ਰੁਪਏ,
ਚਲਾਨ ਨੰਬਰ......................ਮਿਤੀ..................

7. ਕੀ ਜਮੀਨ ਲਈ ਸਿੰਚਾਈ ਸਾਧਨ ਉਪਲੱਬਧ ਹੈ ਅਤੇ ਕਿਸਮ (ਸਬਮਰਸੀਬਲ ਪੰਪ ਜਾਂ ਨਹਿਰੀ) ..............................................................................

8. ਖੇਤੀਬਾੜੀ ਵਿਸ਼ੇ ਦੇ ਅਧਿਆਪਕ ਦੇ ਵੇਰਵੇ:

| ਖੇਤੀਬਾੜੀ ਵਿਸ਼ੇ ਦੇ ਅਧਿਆਪਕ ਦਾ ਨਾਮ ਤੇ ਅਹੁੱਦਾ | ਜਨਮ ਮਿਤੀ | ਵਰਤਮਾਨ ਸਕੂਲ ਵਿੱਚ ਆਉਣ ਦੀ ਮਿਤੀ | ਸੇਵਾ ਮੁਕਤੀ ਦੀ ਮਿਤੀ | ਅਧਿਆਪਕ ਦਾ ਮੋਬਾਇਲ ਨੰਬਰ | ਸਕੂਲ ਮੁੱਖੀ ਦਾ ਮੋਬਾਇਲ ਨੰਬਰ | ਸਕੂਲ ਦੀ ਈਮੇਲ | ਖੇਤੀਬਾੜੀ ਵਿਸ਼ਾ ਪੜ੍ਹਨ ਵਾਲੇ ਕੁੱਲ ਬੱਚੇ | ਵਿ:ਕ:/ ਕਲਰਕ ਦਾ ਮੋ:ਨੰਬਰ |
|---|---|---|---|---|---|---|---|---|
| | | | | | | | | |

ਨੋਟ: ਜੇਕਰ ਖੇਤੀਬਾੜੀ ਵਿਸ਼ੇ ਦੀ ਅਸਾਮੀ ਤੇ ਕੋਈ ਅਧਿਆਪਕ ਕੰਮ ਨਹੀਂ ਕਰਦਾ ਤਾਂ ਜਿਸ ਕਰਮਚਾਰੀ ਨੂੰ ਖੇਤੀਬਾੜੀ ਫਾਰਮ ਦੇ ਰਿਕਾਰਡ ਦਾ ਇੰਚਾਰਜ ਬਣਾਇਆ ਹੋਇਆ ਹੈ ਉਸ ਅਧਿਆਪਕ ਦੇ ਵੇਰਵੇ ਦਿੱਤੇ ਜਾਣ।

9. ਸਾਲ 2021-22 ਦੀ ਆਮਦਨ ਅਤੇ ਸਾਲ 2022-23 ਦੀ ਆਮਦਨ ਵਿੱਚ ਅੰਤਰ:

| ਸਾਲ 2021-22 ਦੀ ਆਮਦਨ | 2022-23 ਦੀ ਆਮਦਨ | ਪਿਛਲੇ ਸਾਲ ਨਾਲੋਂ ਆਮਦਨ ਵਧੀ ਹੈ ਜਾਂ ਘਟੀ ਹੈ | ਵਾਧੇ/ਘਾਟੇ ਵਿੱਚਲਾ ਅੰਤਰ (-/+) |
|---|---|---|---|
| | | | |

10. ਵਿਸੇਸ਼ ਕਥਨ...........................................................................................................................
...........................................................................................................................................
ਸਥਾਨ: ...................................................................................................................................
ਮਿਤੀ:

ਸਕੂਲ ਮੁੱਖੀ ਦੇ ਹਸਤਾਖਰ/ਮੋਹਰ